# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

## ਬੋਰਡ ਨੇ ਦਸਵੀਂ ਦੇ ਵਿਦਿਆਰਥੀਆਂ ਲਈ ਹੈਲਪ ਲਾਈਨ ਖੋਲ੍ਹੀ

ਐੱਸ.ਏ.ਐੱਸ ਨਗਰ 10 ਮਾਰਚ ( ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦੀਆਂ 14 ਤੋਂ 29 ਮਾਰਚ ਵਿਚਕਾਰ ਸ਼ੁਰੂ ਹੋਣ ਜਾ ਰਹੀਆਂ ਸਲਾਨਾ ਪਰੀਖਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਦਿਆਰਥੀਆਂ ਦੀ ਵੱਖ-ਵੱਖ ਵਿਸ਼ਿਆਂ ਸੰਬੰਧੀ ਪੁੱਛ ਦਾ ਉੱਤਰ ਦੇਣ ਲਈ ਹੈਲਪ ਲਾਈਨ ਸਥਾਪਿਤ ਕੀਤੀ ਗਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਸ.ਬਲਬੀਰ ਸਿੰਘ ਢੋਲ ਵੱਲੋਂ ਮੀਡੀਆ ਨੂੰ ਜਾਰੀ ਕੀਤੀ ਸੂਚਨਾ 'ਚ ਦੱਸਿਆ ਗਿਆ ਹੈ ਕਿ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦੇ ਵੱਖ-ਵੱਖ ਵਿਸ਼ਿਆਂ ਸੰਬੰਧੀ ਵਿਦਿਆਰਥੀਆਂ ਦੇ ਸ਼ੰਕੇ ਦੂਰ ਕਰਨ ਅਤੇ ਹੋਰ ਹਰ ਪ੍ਰਕਾਰ ਦੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਪਹਿਲੀ ਵਾਰ ਇਹ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਇਹਨਾਂ ਸੇਵਾਵਾਂ ਦਾ ਮਕਸਦ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਰਹਿਤ ਪਰੀਖਿਆ ਪ੍ਰਬੰਧ ਦੇਣ ਅਤੇ ਉਹਨਾਂ ਦੀਆਂ ਉਲਝਣਾਂ ਨੂੰ ਸੁਲਝਾਉਣ ਲਈ ਬੋਰਡ ਇਹ ਸੇਵਾਵਾਂ ਪੇਸ਼ ਕਰ ਰਿਹਾ ਹੈ।

ਸ.ਢੋਲ ਨੇ ਦੱਸਿਆ ਕਿ ਦਸਵੀਂ ਸ਼੍ਰੇਣੀ ਦੇ ਅੰਗਰੇਜ਼ੀ ਵਿਸ਼ੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਤਰਨ ਭਾਰਤੀ 8968544655,ਮੈਡਮ ਨੇਹਾ ਅਰੋੜਾ 9914294646, ਮੈਥੇਮੈਟਿਕਸ ਵਿਸ਼ੇ ਬਾਰੇ ਕਿਰਨ ਦੀਪ ਸਿੰਘ 8146392222, ਮਨਮੀਤ ਕੌਰ 9988427463,ਰਾਜਿੰਦਰ ਕੁਮਾਰ 9417777802, ਸਾਇੰਸ ਵਿਸ਼ੇ ਬਾਰੇ ਡਾ.ਸੁਰਿੰਦਰ ਕੁਮਾਰ 9876135823, ਮੈਡਮ ਮਧੂ 9915015035,ਹਿੰਦੀ ਵਿਸ਼ੇ ਲਈ ਸੁਧਾ ਜੈਨ 9988310624,ਸ਼ਿਵ ਸ਼ੰਕਰ 9417554627,ਮੀਨਾ ਸ਼ਰਮਾ 9814727456, ਪੰਜਾਬੀ ਵਿਸ਼ੇ ਬਾਰੇ ਗੁਰਮੀਤ ਸਿੰਘ ਬਾਵਾ 9855166220,ਮਨਦੀਪ ਸ਼ੁਕਲਾ 9417741270, ਡਾ.ਬਲਜੀਤ ਕੌਰ 9876252594, ਸੋਸ਼ਲ ਸਟੱਡੀਜ਼ ਬਾਰੇ ਸ਼ਰਨਜੀਤ ਕੌਰ 9501005419, ਗੁਰਵਿੰਦਰ ਸਿੰਘ 9855947232 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਬੋਰਡ ਦੇ ਚੇਅਰਮੈਨ ਸ.ਢੋਲ ਨੇ ਕਿਹਾ ਕਿ ਦਸਵੀਂ ਦੇ ਵਿਦਿਆਰਥੀ ਬੇਝਿਜਕ ਹੋ ਕੇ ਉਪ੍ਰੋਕਤ ਨੰਬਰਾਂ 'ਤੇ ਸੰਪਰਕ ਕਰਕੇ ਆਪਣੇ ਆਪਣੇ ਸ਼ੰਕੇ ਨਵਿਰਤ ਕਰ ਸਕਦੇ ਹਨ।

ਮਿਤੀ-10-03-2017

ਲੋਕ ਸੰਪਰਕ ਅਫ਼ਸਰ
ਪੰਜਾਬ ਸਕੂਲ ਸਿੱਖਿਆ ਬੋਰਡ